# ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਲਿਮਿਟਡ
# ਸੈਕਟਰ-17ਏ, ਚੰਡੀਗੜ੍ਹ

## ਦਫਤਰੀ ਹੁਕਮ

ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਸਰਕਾਰ ਸਨਅਤਕਾਰ ਮਿਲਣੀ ਦੌਰਾਨ ਨਿਗਮ ਦੇ ਪਲਾਟਾਂ ਦੇ ਅਲਾਟੀਆਂ ਨੂੰ ਕੁਸ਼ਲ-ਸੇਵਾਵਾਂ ਸਬੰਧਤ ਫੋਕਲ ਪੁਆਇੰਟਾਂ ਦੇ ਨੇੜੇ ਹੀ ਪ੍ਰਦਾਨ ਕਰਨ ਸਬੰਧੀ ਐਲਾਨ ਕੀਤਾ ਗਿਆ ਸੀ। ਜਿਸ ਅਨੁਸਾਰ ਨਿਗਮ ਵੱਲੋਂ ਮਿਲਖ ਅਫਸਰਾਂ ਦੇ ਫੀਲਡ ਵਿੱਚ ਜਾਣ ਸਬੰਧੀ ਹੇਠ ਲਿਖੇ ਅਨੁਸਾਰ **Schedule** ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮਿਲਖ ਅਫਸਰਾਂ ਵੱਲੋਂ ਹਰ ਵੀਰਵਾਰ ਨੂੰ ਫੀਲਡ ਵਿੱਚ ਵਿਚਰਨ ਸਮੇਂ ਅਲਾਟੀਆਂ ਦੀ ਸਹੂਲਤ ਤੇ ਨਿਗਮ ਦੀ ਮਿਲਖ ਸ਼ਾਖਾ ਵੱਲੋਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੇ ਸਮਾਂ ਬੱਧ ਨਿਪਟਾਰੇ ਨੂੰ ਮੁੱਖ ਰੱਖਦੇ ਹੋਏ ਚੱਲ ਰਹੇ ਕੇਸਾਂ ਵਿੱਚ ਅਲਾਟੀਆਂ/ ਦਰਖਾਸਤਕਾਰਾਂ ਦੀ ਮਿਲਖ/ ਉੱਪ ਮਿਲਖ ਅਫਸਰਾਂ ਅਤੇ ਇੰਚਾਰਜ ਫੀਲਡ ਅਫਸਰਾਂ ਵੱਲੋਂ ਮੌਕੇ ਤੇ ਨਿਜੀ ਸਨਾਖਤ ਆਦਿ ਦਾ ਕੰਮ ਵੀ ਕੀਤਾ ਜਾਣਾ ਹੈ ਤਾਂ ਜੋ ਅਲਾਟੀਆਂ ਨੂੰ ਮੁੱਖ ਦਫਤਰ, ਚੰਡੀਗੜ੍ਹ ਵਿਖੇ ਨਾ ਆਉਣਾ ਪਵੇ -:

| ਸਬੰਧਤ ਜੋਨ ਅਤੇ ਫੋਕਲ ਪੁਆਇੰਟ ਦਾ ਨਾਂ | ਸ਼ਡਿਊਲ |
|---|---|
| ਜੋਨ – 1 (ਮੋਹਾਲੀ, ਡੇਰਾਬੱਸੀ, ਚਨਾਲੋਂ, ਨੰਗਲ)।<br>ਜੋਨ – 4 (ਬਠਿੰਡਾ, ਮਲੋਟ, ਅਬੋਹਰ, ਮੁਕਤਸਰ, ਕੋਟਕਪੂਰਾ, ਮਲੇਰਕੋਟਲਾ)।<br>ਜੋਨ – 5 (ਅੰਮ੍ਰਿਤਸਰ, ਗੋਇੰਦਵਾਲ ਸਾਹਿਬ, ਤਰਨ ਤਾਰਨ, ਪਠਾਨਕੋਟ, ਗੁਰਦਾਸਪੁਰ ਬਟਾਲਾ)। | ਮਹੀਨੇ ਦੇ ਪਹਿਲੇ ਤੇ ਤੀਜੇ ਵੀਰਵਾਰ |
| ਜੋਨ – 2 (ਲੁਧਿਆਣਾ, ਮੋਗਾ, ਰਾਏਕੋਟ)।<br>ਜੋਨ – 3 (ਪਟਿਆਲਾ, ਸੰਗਰੂਰ, ਨਾਭਾ, ਰਾਜਪੁਰਾ, ਮੰਡੀਗੋਬਿੰਦਗੜ੍ਹ, ਖੰਨਾ)।<br>ਜੋਨ – 6 (ਜਲੰਧਰ, ਕਪੂਰਥਲਾ, ਨਵਾਂ ਸ਼ਹਿਰ, ਟਾਂਡਾ, ਹੁਸ਼ਿਆਰਪੁਰ)। | ਮਹੀਨੇ ਦੇ ਦੂਜੇ ਤੇ ਚੌਥੇ ਵੀਰਵਾਰ |

**ਨੋਟ:- ਜੇਕਰ ਵੀਰਵਾਰ ਨੂੰ ਕੋਈ ਜਨਤਕ ਛੁੱਟੀ ਆਉਂਦੀ ਹੈ ਤਾਂ ਇਹ ਦੌਰੇ ਅਗਲੇ ਕੰਮ-ਕਾਜ਼ ਵਾਲੇ ਦਿਨ ਰੱਖ ਲਏ ਜਾਣਗੇ।**

**ਪ੍ਰਬੰਧਕ ਨਿਰਦੇਸ਼ਕ**

**UO No. ਪੀ.ਐਸ.ਆਈ.ਈ.ਸੀ/ਮਿਲਖ/** 16627-16634 **ਮਿਤੀ:-** 05/10/2023

**ਉਪਰੋਕਤ ਪਤ੍ਰਤ ਦਾ ਉਤਾਰਾ ਹੇਠ ਲਿਖਿਆ ਨੂ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਚੇਅਰਮੈਨ, ਪੀ.ਐਸ.ਆਈ.ਈ.ਸੀ, ਚੰਡੀਗੜ੍ਹ।
2. ਪ੍ਰਬੰਧਕ ਨਿਰਦੇਸ਼ਕ, ਪੀ.ਐਸ.ਆਈ.ਈ.ਸੀ. ਚੰਡੀਗੜ੍ਹ।
3. ਵਧੀਕ ਪ੍ਰਬੰਧਕ ਨਿਰਦੇਸ਼ਕ, ਪੀ.ਐਸ.ਆਈ.ਈ.ਸੀ. ਚੰਡੀਗੜ੍ਹ।
4. ਮੁੱਖ ਮਹਾਂ ਪ੍ਰਬੰਧਕ (ਮਿਲਖ), ਪੀ.ਐਸ.ਆਈ.ਈ.ਸੀ. ਚੰਡੀਗੜ੍ਹ।
5. ਮੁੱਖ ਇੰਜੀਨੀਅਰ, ਪੀ.ਐਸ.ਆਈ.ਈ.ਸੀ. ਚੰਡੀਗੜ੍ਹ।
6. ਤਕਨੀਕੀ ਸਲਾਹਕਾਰ, ਪੀ.ਐਸ.ਆਈ.ਈ.ਸੀ. ਚੰਡੀਗੜ੍ਹ।
7. ਸਬੰਧਤ ਮਿਲਖ ਅਫਸਰ/ ਉੱਪ ਮਿਲਖ ਅਫਸਰ।
8. ਸਿਸਟਮ ਮੈਨੇਜਰ (ਆਈ ਟੀ/ਤਾਲਮੇਲ), ਪੀ.ਐਸ.ਆਈ.ਈ.ਸੀ ਨੂੰ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

**ਮਿਲਖ ਅਫਸਰ-1**